ਟੈਂਡਰ ਦੀਆਂ ਸ਼ਰਤਾ

1) ਬਾਰਾਂਦਰੀ ਬਾਗ ਵਿਖੇ ਬਣੇ ਝੂਲੇ/ਐਮਿਊਜਮੈਂਟ ਪਾਰਕ ਲਈ ਜਗ੍ਹਾ ਨੂੰ 2(ਦੋ) ਸਾਲਾਂ ਲਈ ਕਿਰਾਏ ਤੇ ਦੇਣਾ ਹੈ। ਹਰ ਸਾਲ 10 ਪ੍ਰਤੀਸ਼ਤ ਵਾਧਾ ਕੀਤਾ ਜਾਵੇਗਾ।

2) ਹਰ ਇੱਕ ਟੈਂਡਰ ਦੇਣ ਵਾਲੇ ਨੂੰ 2,00,000/- ਰੁਪਏ ਬਤੌਰ ਸਕਿਓਰਿਟੀ ਬੈਂਕ ਡਰਾਫਟ ਦੀ ਸ਼ਕਲ ਵਿਚ ਦੇਣੀ ਪਵੇਗੀ ਜੋ ਕਿ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇਗੀ ਅਤੇ ਕੰਨਵੀਨਰ -ਕਮ- ਉਪ ਡਾਇਰੈਕਟਰ ਬਾਗਬਾਨੀ ਮੇਨਟੀਨੈਸ ਕਮੇਟੀ ਬਾਰਾਂਦਰੀ ਗਾਰਡਨ, ਪਟਿਆਲਾ ਦੇ ਨਾਮ ਤੇ ਹੋਵੇ। ਜਿਹੜਾ ਵਿਅਕਤੀ ਸਭ ਤੋਂ ਵੱਧ ਰਕਮ ਦਾ ਟੈਂਡਰ ਦੇਵੇਗਾ ਉਸ ਦੀ ਸਕਿਓਰਿਟੀ ਰਕਮ ਰੱਖ ਲਈ ਜਾਵੇਗੀ ਅਤੇ ਠੇਕਾ ਖਤਮ ਹੋਣ ਉਪਰੰਤ ਵਾਪਸ ਕਰ ਦਿੱਤੀ ਜਾਵੇਗੀ। ਟੈਂਡਰ ਦੇਣ ਵਾਲੇ ਨੂੰ 2 (ਦੋ) ਖਾਲੀ ਚੈਕ ਹਸਤਾਖਰ ਕਰਕੇ ਦੇਣਗੇ। ਠੇਕੇ ਦੀ ਸਲਾਨਾ ਰਕਮ 4 ਬਰਾਬਰ ਤਿਮਾਹੀ ਕਿਸ਼ਤਾਂ ਵਿਚ ਅਡਵਾਂਸ ਲਈ ਜਾਵੇਗੀ।

3) ਟੈਂਡਰ ਲੈਣ ਤੋਂ ਬਾਅਦ ਜਿਸ ਦੇ ਨਾਮ ਤੇ ਝੂਲਿਆਂ ਦਾ ਟੈਂਡਰ ਵਿਭਾਗ ਤੋਂ ਲਿਆ ਜਾਵੇਗਾ ਤਾਂ ਕਿਰਇਆ ਭਰਨ ਦੀ ਨਿਰੋਲ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਠੇਕੇਦਾਰ ਵੱਲੋਂ ਕਿਸੇ ਵੀ ਸੂਰਤ ਵਿੱਚ ਟੈਂਡਰ ਸਬਲੈਟ ਨਹੀਂ ਕੀਤਾ ਜਾਵੇਗਾ। ਜੇਕਰ ਠੇਕੇਦਾਰ ਸਮੇਂ ਸਿਰ ਕਿਰਾਇਆ ਨਹੀ ਦਿੰਦਾ ਤਾਂ ਠੇਕਾ ਰੱਦ ਕਰਨ ਦੀ ਵਿਭਾਗੀ ਕਾਰਵਾਈ ਆਰੰਭੀ ਜਾਵੇਗੀ।

4) ਆਮਦਨ ਕਰ ਐਕਟ ਦੇ ਅਨੁਸਾਰ ਹਰ ਟੈਂਡਰ ਕਰਤਾ ਨੂੰ ਆਪਣੇ ਪੈਨ ਨੰਬਰ ਦਾ ਸਬੂਤ ਟੈਂਡਰ ਨਾਲ ਦੇਣਾ ਜਰੂਰੀ ਹੋਵੇਗਾ ਅਤੇ ਸਰਕਾਰ ਦੇ ਨਿਯਮਾਂ ਅਨੁਸਾਰ ਆਮਦਨ ਕਰ ਅਤੇ ਹੋਰ ਕੋਈ ਵੀ ਲਾਗੂ ਟੈਕਸ ਠੇਕੇਦਾਰ ਵਲੋਂ ਦੇਣ ਯੋਗ ਹੋਵੇਗਾ। ਮੇਨਟੀਨੈਸ ਕਮੇਟੀ ਜਾਂ ਨਿਮਨਹਸਤਾਖਰ ਵਲੋਂ ਕੋਈ ਵੀ ਟੈਕਸ ਅਦਾ ਨਹੀਂ ਕੀਤਾ ਜਾਵੇਗਾ।

5) ਟੈਂਡਰ ਕਰਤਾ ਨੂੰ ਝੂਲੇ/ਐਮਿਊਜਮੈਂਟ ਪਾਰਕ ਦਾ ਠੇਕਾ ਲੈਣ ਤੋ ਪਹਿਲਾਂ 500/- ਰੁਪਏ ਦੇ ਸਟੈਂਪ ਪੇਪਰ ਤੇ ਰਜਿਸਟਰਡ ਐਗਰੀਮੈਂਟ ਕਰਨਾ ਪਵੇਗਾ।

6) ਟੈਡਰਕਰਤਾ ਕਿਸੇ ਅਦਾਰੇ ਵਲੇ ਬਲੈਕਲਿਸਟ ਨਾਂ ਹੋਵੇ ਅਤੇ ਕਿਸੇ ਜੁਰਮ ਵਿਚ ਸਜਾ ਨਾ ਹੋਣ ਸਬੰਧੀ ਨੋਟਰੀ ਪਬਲਿਕ ਤੋਂ ਹਲਫੀਆ ਬਿਆਨ ਦੇਵੇਗਾ।

7) ਝੂਲੇ/ਐਮਿਊਜਮੈਂਟ ਪਾਰਕ ਦਾ ਬਿਜਲੀ/ਪਾਣੀ ਅਤੇ ਸਿਵਰੇਜ ਦਾ ਬਿਲ ਠੇਕੇਦਾਰ ਵਲੋਂ ਅਦਾ ਕਰਨ ਯੋਗ ਹੋਵੇਗਾ।

8) ਠੇਕੇਦਾਰ ਝੂਲਿਆਂ ਵਾਲੇ ਸਥਾਨ ਅਤੇ ਆਲੇ- ਦੁਆਲੇ ਦੀ ਸਫਾਈ ਦਾ ਖੁਦ ਜਿੰਮੇਵਾਰ ਹੋਵੇਗਾ ਅਤੇ ਆਪਣਾ ਵੱਖਰਾ ਸਟਾਫ ਰੱਖੇਗਾ।

9) ਝੂਲਿਆਂ ਦੇ ਬਾਹਰ ਪਾਰਕਿੰਗ ਦੀ ਜਿੰਮੇਵਾਰੀ ਵੀ ਠੇਕੇਦਾਰ ਦੀ ਹੀ ਹੋਵੇਗੀ।

10) ਝੂਲਿਆਂ ਦਾ ਠੇਕੇਦਾਰ ਖਾਣ ਪੀਣ ਦਾ ਕੋਈ ਸਮਾਨ ਨਹੀਂ ਵੇਚੇਗਾ।

11) ਟੈਂਡਰ ਕਰਤਾ ਆਪਣੇ ਤੌਰ ਤੇ ਹੀ ਠੇਕਾ ਚਲਾਏਗਾ ਅਤੇ ਠੇਕੇ ਦੀ ਪੂਰੀ ਜਿੰਮੇਵਾਰੀ ਉਸ ਦੀ ਹੋਵੇਗੀ। ਉਹ ਸਰਕਾਰੀ ਪ੍ਰਾਪਰਟੀ ਅਤੇ ਸਟਾਫ ਵਲੋਂ ਚੰਗੇ ਸਲੂਕ ਕਰਨ ਸਬੰਧੀ ਜਿੰਮੇਵਾਰ ਹੋਵੇਗਾ ਅਤੇ ਜੇਕਰ ਕਿਸੇ ਕਾਮੇ ਦੀ ਸਿਕਾਇਤ ਹੋਵੇਗੀ ਤਾਂ ਉਸ ਨੂੰ ਤੁਰੰਤ ਰੀਪਲੇਸ ਕਰੇਗਾ।ਕੰਮ ਵਿਚ ਜੇਕਰ ਠੇਕੇਦਾਰ ਵਲੋਂ ਲਗਾਏ ਗਏ ਕਿਸੇ ਸਟਾਫ ਵਲੋਂ ਕੋਈ ਨੁਕਸਾਨ ਹੋਇਆ ਤਾਂ ਉਸ ਦੀ ਭਰਾਈ ਠੇਕੇਦਾਰ ਕਰੇਗਾ।

12) ਜੇਕਰ ਲਗਾਏ ਗਏ ਸਟਾਫ ਦੀ ਕੰਮ ਕਰਦੇ ਸਮੇਂ ਘਟਨਾ/ਦੁਰਘਟਨਾ ਨਾਲ ਨੁਕਸਾਨ ਹੋ ਜਾਂਦਾ ਹੈ ਤਾਂ ਊਸ ਦੀ ਸਾਰੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ। ਸਫਾਈ ਅਤੇ ਸਕਿਓਰਿਟੀ ਤੇ ਲਗਾਏ ਵਿਅਕਤੀਆਂ ਨੂੰ ਮੇਨਟੀਨੈਸ ਕਮੇਟੀ ਵਲੋਂ ਕੋਈ ਸਮਾਨ ਕੰਮ ਕਰਨ ਲਈ ਨਹੀਂ ਦਿੱਤਾ ਜਾਵੇਗਾ, ਬਲਕਿ ਠੇਕੇਦਾਰ ਦੇਵੇਗਾ।

13) ਠੇਕੇਦਾਰ ਝੂਲਿਆਂ ਦੀ ਸਾਂਭ ਸੰਭਾਲ ਅਤੇ ਸੁਰੱਖਿਆ ਦਾ ਖੁਦ ਜਿੰਮੇਵਾਰ ਹੋਵੇਗਾ ਅਤੇ ਯਕੀਨੀ ਬਣਾਵੇਗਾ ਕਿ ਝੂਲੇ ਬੱਚਿਆਂ ਅਤੇ ਆਮ ਪਬਲਿਕ ਲਈ ਸੁਰੱਖਿਅਤ ਹੋਣ। ਕਿਸੇ ਵੀ ਅਣਸੁਖਾਵੀਂ ਦੁਰਘਟਨਾ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਮੇਨਟੀਨੈਂਸ ਕਮੇਟੀ ਅਤੇ ਬਾਗਬਾਨੀ ਵਿਭਾਗ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

14) ਠੇਕੇ ਦੀ ਮਿਆਦ ਖਤਮ ਹੋਣ ਤੇ ਕੰਮ ਨੂੰ ਛੱਡ ਦੇਵੇਗਾ ਅਤੇ 15 ਦਿਨਾਂ ਵਿੱਚ ਜਗ੍ਹਾ ਖਾਲੀ ਕਰ ਦੇਵੇਗਾ।

15) ਕਿਸੇ ਕਿਸਮ ਦਾ ਕੋਈ ਵੀ ਝਗੜਾ ਐਮਿਊਜਮੈਂਟ ਪਾਰਕ ਨਾਲ ਸਬੰਧਿਤ ਹੋਵੇਗਾ ਉਸ ਦਾ ਫੈਸਲਾ ਕਰਨ ਦਾ ਅਧਿਕਾਰ ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਮੇਨਟੀਨੈਸ ਕਮੇਟੀ, ਬਾਰਾਂਦਰੀ ਗਾਰਡਨ,ਪਟਿਆਲਾ ਨੂੰ ਹੋਵੇਗਾ ਅਤੇ ਫੈਸਲਾ ਠੇਕਾਦਰ ਨੂੰ ਮੰਨਣਯੋਗ ਹੋਵੇਗਾ ।

16) ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਮੇਨਟੀਨੈਸ ਕਮੇਟੀ, ਬਾਰਾਂਦਰੀ ਗਾਰਡਨ,ਪਟਿਆਲਾ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਠੇਕੇਦਾਰ ਵਲੋਂ ਸ਼ਰਤਾਂ ਦੀ ਉਲੰਘਣਾ ਕਰਨ ਕਰਕੇ ਠੇਕਾ ਕਿਸੇ ਸਮੇਂ ਕੈਂਸਲ ਕਰ ਸਕਦੇ ਹਨ, ਜੇਕਰ ਸਰਕਾਰ ਵਲੋਂ ਭਵਿੱਖ ਵਿਚ ਠੇਕਾ ਦੇਣ ਲਈ ਕੋਈ ਹੋਰ ਪਾਲਿਸੀ ਨਿਰਧਾਰਤ ਕੀਤੀ ਗਈ ਤਾਂ ਠੇਕੇਦਾਰ ਵਲੋਂ ਜਮ੍ਹਾਂ ਕਰਵਾਈ ਸਕਿਓਰਿਟੀ ਦੀ ਰਾਸ਼ੀ ਰਿਫੰਡ ਕੀਤੀ ਜਾ ਸਕਦੀ ਹੈ।

17) ਜਿਸ ਠੇਕੇਦਾਰ ਨੂੰ ਪਿਛਲੇ ਸਾਲ ਠੇਕਾ ਠੀਕ ਢੰਗ ਨਾਲ ਨਾ ਚਲਾਉਣ ਕਾਰਣ ਦੋ ਵਾਰ ਜਾਂ ਇਕ ਤੋਂ ਵੱਧ ਵਾਰ ਜੁਰਮਾਨਾ ਕੀਤਾ ਗਿਆ ਹੋਵੇ ਉਹ ਠੇਕੇਦਾਰ ਅਗਲੇ ਸਾਲ ਲਈ ਬੋਲੀ ਦੇਣ ਦਾ ਹੱਕਦਾਰ ਨਹੀਂ ਹੋਵੇਗਾ।

18) ਉਹ ਐਗਰੀਮੇਂਟ ਵਿਚ ਇਹ ਸਪੱਸ਼ਟ ਕਰੇਗਾ ਕਿ ਉਹ ਉਪਰੋਕਤ ਸ਼ਰਤਾਂ ਦੀ ਪਾਲਣਾ ਕਰਨ ਦਾ ਪਾਬੰਦ ਰਹੇਗਾ ਅਤੇ ਜੇਕਰ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕੀਤੀ ਗਈ ਤਾਂ ਠੇਕਾ ਕੈਂਸਲ ਹੋਣ ਤੇ ਕੋਈ ਉਜਰ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

19) ਜੇਕਰ ਐਮਿਊਜਮੈਂਟ ਪਾਰਕ ਦੇ ਕੰਮ ਵਿਚ ਕੋਈ ਅਣਗਹਿਲੀ ਕੀਤੀ ਗਈ ਜਾਂ ਨੁਕਸਾਨ ਹੋਇਆ ਤਾਂ ਉਸ ਦਾ ਜੋ ਵੀ ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਮੇਨਟੀਨੈਸ ਕਮੇਟੀ, ਬਾਰਾਂਦਰੀ ਗਾਰਡਨ,ਪਟਿਆਲਾ, ਫੈਸਲਾ ਕਰਨਗੇ ਉਸ ਦੀ ਪਾਲਣਾ ਠੇਕੇਦਾਰ ਕਰੇਗਾ।

20) ਟੈਂਡਰ ਦੇਣ ਵਾਲਾ ਆਪਣੇ ਕੰਮ ਦਾ ਘੱਟੋ ਘੱਟ ਤਿੰਨ ਸਾਲ ਦਾ ਤਜਰਬਾ ਰੱਖਦਾ ਹੋਵੇ।ਟੈਂਡਰਕਾਰ ਇਸ ਦੀ ਤਸਦੀਕ ਸ਼ੁਦਾ ਕਾਪੀ ਨਾਲ ਦੇਵੇਗਾ।

21) ਟੈਂਡਰ ਫਾਰਮਾਂ ਵਿਚ ਰੇਟ ਅੱਖਰਾਂ ਅਤੇ ਸ਼ਬਦਾਂ ਵਿਚ ਸਾਫ-ਸਾਫ ਭਰੇ ਹੋਣੇ ਚਾਹੀਦੇ ਹਨ ਭਾਵ ਕੋਈ ਕਟਿੰਗ ਨਾਂ ਹੋਵੇ।

22) ਠੇਕੇਦਾਰ ਕਾਮਿਆਂ ਨੂੰ ਮਿਨੀਮਮ ਵੇਜਜ ਐਕਟ, ਈ,ਐਸ,ਆਈ ਅਤੇ ਪ੍ਰਾਵੀਡੈਂਟ ਫੰਡ ਦੇ ਨਿਯਮਾਂ/ਵਿਨਯਮਾਂ ਅਨੁਸਾਰ ਅਦਾਇਗੀਆਂ ਕਰੇਗਾ। ਇਨ੍ਹਾਂ ਦੀ ਪਾਲਣਾ ਨਾਂ ਕਰਨ ਸਬੰਧੀ ਇਹ ਕਮੇਟੀ ਜਿੰਮੇਵਾਰ ਨਹੀਂ ਹੋਵੇਗੀ।

23) ਠੇਕੇਦਾਰ ਦੀ ਮੌਤ ਹੋਣ ਦੀ ਸੂਰਤ ਵਿਚ ਉਸ ਦੇ ਲੀਗਲ ਵਾਰਸ ਇੱਛਾ ਅਨੁਸਾਰ ਠੇਕਾ ਚਲਾਉਣਗੇ।ਠੇਕਾ ਅਤੇ ਅਦਾਇਗੀਆਂ ਦੀ ਜਿੰਮੇਵਾਰੀ ਵਾਰਸ ਦੀ ਹੋਵੇਗੀ। ਜੇਕਰ ਲੀਗਲ ਵਾਰਸ ਠੇਕਾ ਚਲਾਉਣ ਵਿਚ ਆਪਣੀ ਅਸਮਰੱਥਾ ਪ੍ਰਗਟਾਉਣਗੇ ਤਾਂ ਠੇਕਾ ਰੱਦ ਕਰ ਦਿੱਤਾ ਜਾਵੇਗਾ।

24) ਜੇਕਰ ਠੇਕੇਦਾਰ ਠੇਕਾ ਮਿਡ ਸਟਰੀਮ ਛੱਡ ਜਾਂਦਾ ਹੈ ਤਾਂ ਮੇਨਟੀਨੈਸ ਕਮੇਟੀ ਠੇਕੇਦਾਰ ਦੀ ਸਕਿਓਰਿਟੀ ਜਬਤ ਕਰਨ ਲਈ ਸੁਤੰਤਰ ਹੋਵੇਗੀ।

25) ਜੇਕਰ ਠੇਕੇਦਾਰ ਸਮੇਂ ਸਿਰ ਕਿਸ਼ਤ ਅਦਾ ਨਹੀਂ ਕਰਦਾ ਤਾਂ ਉਸ ਦਾ ਠੇਕਾ ਰੱਦ ਕਰਨ ਲਈ ਵਿਚਾਰਿਆ ਜਾਵੇਗਾ।

26) ਜਿਹੜਾ ਆਊਟ ਸੋਰਸ ਦਾ ਸਟਾਂਫ ਠੇਕੇਦਾਰ ਵਲੋਂ ਰੱਖਿਆ ਜਾਵੇਗਾ ਉਨ੍ਹਾਂ ਦੀ ਤਨਖਾਹ ਅਤੇ ਵਰਦੀਆਂ ਆਦਿ ਦੀ ਜਿੰਮੇਵਾਰੀ ਠੇਕੇਦਾਰ ਦੀ ਆਪਣੀ ਹੋਵੇਗੀ। ਮੇਨਟੀਨੈਸ ਕਮੇਟੀ ਉਨ੍ਹਾਂ ਦੀ ਤਨਖਾਹ ਅਤੇ ਵਰਦੀਆਂ, ਫੰਡਾਂ ਆਦਿ ਲਈ ਕਿਸੇ ਤਰ੍ਹਾਂ ਜਿੰਮੇਵਾਰ ਨਹੀਂ ਹੋਵੇਗੀ।

27) ਉਪਰੋਕਤ ਤੋਂ ਇਲਾਵਾ ਕੋਈ ਵੀ ਹਦਾਇਤਾਂ ਯਾ ਹੁਕਮ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੇ ਜਾਂਦੇ ਹਨ ਉਨ੍ਹਾਂ ਦੀ ਪਾਲਣਾ ਦਾ ਠੇਕੇਦਾਰ ਪਾਬੰਦ ਹੋਵੇਗਾ।

28) ਜੇ ਠੇਕੇਦਾਰ ਸਮੇਂ ਦੌਰਾਨ ਡਿਫਾਲਟਰ ਹੁੰਦਾ ਹੈ ਤਾਂ ਬਕਾਇਆ ਰਕਮ ਉਪਰ ਪ੍ਰਤੀ ਸਾਲ 12% ਵਿਆਜ ਲੱਗਣਯੋਗ ਹੋਵੇਗਾ।